| Surname | | Other Names | |
|---|---|---|---|
| Centre Number | | Candidate Number | |
| Candidate Signature | | | |

| Leave blank |
|---|

General Certificate of Secondary Education
June 2004

**PANJABI**
**Reading Test**
**Higher Tier**

**3681/RH**

H

Tuesday 8 June 2004 9.00 am to 9.50 am

**No additional materials are required.**

Time allowed: 50 minutes

**Instructions**
- Use blue or black ink or ball-point pen.
- Fill in the boxes at the top of this page.
- Write your answers in this combined question paper/answer book.
- In **Section A** answer the questions in **Panjabi**.
- In **Section B** answer the questions in **English**.
- Write neatly and put down **all** the information you are asked to give.

**Information**
- Mark allocations are shown in brackets.
- The maximum mark for this paper is **45**.
- You are **not** allowed to use a dictionary at any time during this test.

| For Examiner's Use | | | |
|---|---|---|---|
| Page | Mark | Page | Mark |
| 2 / 3 | | | |
| 4 / 5 | | | |
| 6 / 7 | | | |
| 8 / 9 | | | |
| 10 / 11 | | | |
| | | | |
| | | | |
| | | | |
| | | | |
| | | | |
| | | | |
| | | | |
| | | | |
| | | | |
| | | | |
| Total (Column 1) → | | | |
| Total (Column 2) → | | | |
| TOTAL | | | |
| Examiner's Initials | | | |

LEAVE MARGIN BLANK

## ਸੈਕਸ਼ਨ ਏ

## ਪ੍ਰਸ਼ਨ ਅਤੇ ਉੱਤਰ ਪੰਜਾਬੀ ਵਿੱਚ

**1** ਤੁਸੀਂ ਨੌਕਰੀ ਬਾਰੇ ਇਹ ਇਸ਼ਤਿਹਾਰ ਦੇਖਦੇ ਹੋ ।

> **ਪਾਰਟ-ਟਾਈਮ ਵਰਕਰਾਂ ਦੀ ਲੋੜ**
>
> ਸਾਨੂੰ ਜੁਲਾਈ ਤੋਂ ਅਕਤੂਬਰ ਤੱਕ ਤਿੰਨ ਪਾਰਟ-ਟਾਈਮ ਵਰਕਰਾਂ ਦੀ ਲੋੜ ਹੈ । ਹਫਤੇ ਵਿੱਚ ਦਸ ਘੰਟੇ ਕੰਮ ਕਰਨਾ ਪਵੇਗਾ । ਘੰਟੇ ਦੇ ਪੰਜ ਪੌਂਡ ਦਿੱਤੇ ਜਾਣਗੇ । ਇਹ ਕੰਮ ਸਤਾਰਾਂ ਸਾਲ ਤੋਂ ਉੱਪਰ ਦੀ ਉਮਰ ਦੇ ਲੋਕਾਂ ਲਈ ਹੈ । ਪੰਜਾਬੀ ਬੋਲਣੀ ਤੇ ਲਿਖਣੀ ਜ਼ਰੂਰ ਆਉਣੀ ਚਾਹੀਦੀ ਹੈ ।

(ੳ) ਕਿੰਨੇ ਵਰਕਰ ਚਾਹੀਦੇ ਹਨ ?

.....................................................................................................................................

*(1 mark)*

(ਅ) ਹਫਤੇ ਵਿੱਚ ਕਿੰਨੇ ਘੰਟੇ ਕੰਮ ਕਰਨਾ ਪਵੇਗਾ ?

.....................................................................................................................................

*(1 mark)*

(ੲ) ਵਰਕਰਾਂ ਨੂੰ ਘੰਟੇ ਦੇ ਕਿੰਨੇ ਪੈਸੇ ਮਿਲਣਗੇ ?

.....................................................................................................................................

*(1 mark)*

(ਸ) ਕਿੰਨੀ ਉਮਰ ਦੇ ਲੋਕ ਇਸ ਨੌਕਰੀ ਲਈ ਅਪਲਾਈ ਕਰ ਸਕਦੇ ਹਨ ?

.....................................................................................................................................

*(1 mark)*

(ਹ) ਇਸ ਕੰਮ ਲਈ ਕੀ ਕਰਨਾ ਆਉਣਾ ਜ਼ਰੂਰੀ ਹੈ ?

.....................................................................................................................................

*(1 mark)*

LEAVE MARGIN BLANK

**2** ਤੁਸੀਂ ਲੇਖ ਦਾ ਇੱਕ ਹਿੱਸਾ ਦੇਖਦੇ ਹੋ ਜੋ ਹਰਜਿੰਦਰ ਨੇ ਲਿਖਿਆ ਹੈ ।

> ਅਸੀਂ ਸਾਰਾ ਪਰਿਵਾਰ ਦੇਸੀ ਖਾਣਾ ਜ਼ਿਆਦਾ ਪਸੰਦ ਕਰਦੇ ਹਾਂ । ਮੇਰੇ ਮਾਤਾ ਜੀ ਦੇਸੀ ਖਾਣਾ ਬਹੁਤ ਹੀ ਸੁਆਦ ਬਣਾਉਂਦੇ ਹਨ । ਮੇਰੇ ਪਿਤਾ ਜੀ ਦਾ ਮਨ ਪਸੰਦ ਖਾਣਾ ਸਮੋਸੇ, ਤੰਦੂਰੀ ਚਿਕਨ ਅਤੇ ਲੈਂਬ ਦਾ ਮੀਟ ਹੈ । ਮੇਰੇ ਮਾਤਾ ਜੀ ਦਾਲਾਂ ਸਬਜ਼ੀਆਂ ਹੀ ਖਾਂਦੇ ਹਨ ਕਿਉਂਕਿ ਉਹ ਵੈਜੀਟੇਰੀਅਨ ਹਨ ਪਰ ਉਹ ਸਾਡੇ ਲਈ ਮੀਟ ਬਣਾ ਦਿੰਦੇ ਹਨ । ਮੇਰੇ ਪਿਤਾ ਜੀ ਹਮੇਸ਼ਾ ਹੀ ਮੇਰੇ ਮਾਤਾ ਜੀ ਦੀ ਮੀਟ ਬਣਾਉਣ ਵਿੱਚ ਮਦਦ ਕਰਦੇ ਹਨ । ਮੇਰੇ ਦੋਵੇਂ ਭਰਾ ਮੀਟ ਤੇ ਚੌਲ ਬਹੁਤ ਪਸੰਦ ਕਰਦੇ ਹਨ । ਮੈਂ ਪਕੌੜਿਆਂ ਵਾਲੀ ਕੜ੍ਹੀ ਤੇ ਆਲੂ ਪਰੌਂਠੇ ਬਹੁਤ ਪਸੰਦ ਕਰਦੀ ਹਾਂ । ਮਾਂਹਾਂ ਦੀ ਦਾਲ ਅਸੀਂ ਸਾਰੇ ਬਹੁਤ ਖੁਸ਼ ਹੋ ਕੇ ਖਾਂਦੇ ਹਾਂ ।

ਵਾਕਾਂ ਨੂੰ ਪੜ੍ਹੋ ।

**ਲਿਖੋ :**

ਠੀਕ **ਠ**
ਗਲਤ **ਗ**
ਪਤਾ ਨਹੀਂ **?**

| | | |
|---|---|---|
| ਉਦਾਹਰਣ | ਹਰਜਿੰਦਰ ਦਾ ਪਰਿਵਾਰ ਦੇਸੀ ਖਾਣਾ ਪਸੰਦ ਨਹੀਂ ਕਰਦਾ । | **ਗ** |
| | ਹਰਜਿੰਦਰ ਦੇ ਪਿਤਾ ਜੀ ਚਿਕਨ ਤੇ ਲੈਂਬ ਬਹੁਤ ਪਸੰਦ ਕਰਦੇ ਹਨ । | |
| | ਹਰਜਿੰਦਰ ਦੇ ਮਾਤਾ ਜੀ ਮੀਟ ਬਿਲਕੁਲ ਨਹੀਂ ਖਾਂਦੇ । | |
| | ਹਰਜਿੰਦਰ ਮਠਿਆਈ ਬਹੁਤ ਪਸੰਦ ਕਰਦੀ ਹੈ । | |
| | ਹਰਜਿੰਦਰ ਦੇ ਭਰਾ ਚੌਲ ਨਹੀਂ ਖਾਂਦੇ । | |
| | ਹਰਜਿੰਦਰ ਦਾ ਸਾਰਾ ਪਰਿਵਾਰ ਮਾਂਹਾਂ ਦੀ ਦਾਲ ਬਿਲਕੁਲ ਪਸੰਦ ਨਹੀਂ ਕਰਦਾ । | |

*(5 marks)*

10

**Turn over**

LEAVE MARGIN BLANK

**3**

# ਮੌਸਮ

ਕੱਲ੍ਹ ਸਵੇਰ ਨੂੰ ਅਸਮਾਨ ਵਿੱਚ ਬੱਦਲ ਛਾਏ ਹੋਣਗੇ । ਦੁਪਹਿਰ ਤੱਕ ਮੀਂਹ ਪੈਣਾ ਸ਼ੁਰੂ ਹੋ ਜਾਵੇਗਾ । ਸ਼ਾਮ ਨੂੰ ਤੇਜ਼ ਹਵਾ ਚੱਲੇਗੀ । ਦਿਨ ਨੂੰ ਤਾਪਮਾਨ ਪੰਦਰਾਂ ਡਿਗਰੀ ਤੋਂ ਵੱਧ ਨਹੀਂ ਹੋਵੇਗਾ । ਸੂਰਜ ਘੱਟ ਹੀ ਨਿਕਲੇਗਾ । ਪਰਸੋਂ ਸਵੇਰ ਨੂੰ ਸੂਰਜ ਚਮਕੇਗਾ ਅਤੇ ਤਾਪਮਾਨ ਵੀਹ ਡਿਗਰੀ ਦੇ ਨੇੜੇ ਤੇੜੇ ਪਹੁੰਚ ਜਾਵੇਗਾ ।

(ੳ) ਕੱਲ੍ਹ ਨੂੰ ਮੌਸਮ ਕਿਹੋ ਜਿਹਾ ਹੋਵੇਗਾ ? ਦੋ ਗੱਲਾਂ ਲਿਖੋ ।

..............................................................................................................................................

..............................................................................................................................................

*(2 marks)*

(ਅ) ਪਰਸੋਂ ਮੌਸਮ ਕਿਸ ਤਰ੍ਹਾਂ ਬਦਲ ਜਾਵੇਗਾ ? ਦੋ ਗੱਲਾਂ ਲਿਖੋ ।

..............................................................................................................................................

..............................................................................................................................................

*(2 marks)*

LEAVE MARGIN BLANK

**4** ਤੁਸੀਂ ਰਸਾਲੇ ਵਿੱਚ ਇਹ ਲੇਖ ਪੜ੍ਹਦੇ ਹੋ ।

ਹੇਠ ਦਿੱਤੇ ਖਾਨਿਆਂ ਵਿੱਚ ਠੀਕ ਸ਼ਬਦਾਂ ਦੇ ਨੰਬਰ ਭਰੋ ।

## 'ਸਿੰਪਲੀ ਏਸ਼ੀਅਨ' ਟੀ ਵੀ ਦੀਆਂ ਧੁੰਮਾਂ

ਉਦਾਹਰਣ

ਯੂ.ਕੇ. ਵਿੱਚ 'ਸਿੰਪਲੀ ਏਸ਼ੀਅਨ' ਟੀ ਵੀ ਨਾਮੀ ਨਵੇਂ **[ 9 ]** ਨੇ ਆਪਣੇ ਪੈਰ ਗੱਡਣੇ ਸ਼ੁਰੂ ਕਰ ਦਿੱਤੇ ਹਨ ਤੇ ਦਿਨੋ-ਦਿਨ ਇਹ ਲੋਕਾਂ ਵਿੱਚ [ ] ਹੋ ਰਿਹਾ ਹੈ ।

24 ਘੰਟੇ [ ] ਦੇ ਸੱਤੇ ਦਿਨ ਇਸ ਤੋਂ ਪ੍ਰਸਾਰਣ ਕੀਤਾ ਜਾਂਦਾ ਹੈ । ਇਸ ਚੈਨਲ ਉੱਤੇ ਫਿਲਮਾਂ, [ ] ਅਤੇ ਮਨੋਰੰਜਕ ਪ੍ਰੋਗਰਾਮਾਂ ਤੋਂ ਇਲਾਵਾ [ ] ਵੀ ਪ੍ਰਸਾਰਿਤ ਕੀਤੀ ਜਾਂਦੀ ਹੈ । ਜੇ ਤੁਸੀਂ ਆਪਣੇ ਕਿਸੇ ਮਨ ਪਸੰਦ ਪ੍ਰੋਗਰਾਮ ਨੂੰ ਸਪੌਂਸਰ ਕਰਨਾ ਚਾਹੁੰਦੇ ਹੋ ਤਾਂ ਉਸ ਦੀ [ ] ਵੀ ਇਸ ਚੈਨਲ ਵੱਲੋਂ ਦਿੱਤੀ ਜਾਂਦੀ ਹੈ । ਇਹ ਚੈਨਲ ਦਸ ਲੱਖ ਤੋਂ ਵੱਧ [ ] ਲੋਕਾਂ ਦਾ ਮਨੋਰੰਜਨ ਕਰਦਾ ਹੈ ।

23 ਨਵੰਬਰ ਨੂੰ ਇਸ ਚੈਨਲ ਦਾ [ ] ਹੋਇਆ ਸੀ ਤੇ ਇਹ ਸਕਾਈ ਡਿਜੀਟਲ ਦੇ ਚੈਨਲ [ ] ਤੋਂ ਪ੍ਰਸਾਰਿਤ ਹੁੰਦਾ ਹੈ । ਇਹ ਯੂ.ਕੇ. ਦਾ ਪਹਿਲਾ [ ] ਚੈਨਲ ਹੈ ਤੇ ਇਸ ਤੋਂ ਹਿੰਦੀ, ਪੰਜਾਬੀ, ਗੁਜਰਾਤੀ, ਬੰਗਾਲੀ, ਉਰਦੂ ਅਤੇ ਤਾਮਿਲ ਪ੍ਰੋਗਰਾਮ ਦਿਖਾਏ ਜਾਂਦੇ ਹਨ ।

1. ਸਹੂਲਤ
2. ਡਰਾਮੇ
3. ਉਦਘਾਟਨ
4. 826
5. ਸਾਲ
6. ਮਸ਼ਹੂਰ
7. ਗੋਰੇ
8. ਗੁਰਬਾਣੀ
9. ਚੈਨਲ
10. ਮੁਫਤ
11. ਹਫ਼ਤੇ
12. ਏਸ਼ੀਅਨ

*(9 marks)*

13

**Turn over**

**5** ਤੁਸੀਂ ਇੱਕ ਰਸਾਲੇ ਵਿੱਚ ਵਿਦਿਆਰਥੀਆਂ ਦੇ ਫਿਲਮਾਂ ਬਾਰੇ ਵਿਚਾਰ ਪੜ੍ਹਦੇ ਹੋ ।

> ਮੈਂ ਇਸ ਸਾਲ ਨਵੀਆਂ ਫਿਲਮਾਂ ਵਿੱਚੋਂ 'ਦੇਵ ਦਾਸ'ਦੇਖੀ ਹੈ । ਮੈਂ ਇਹ ਫਿਲਮ ਸਿਨਮੇ ਵਿੱਚ ਦੋ ਵਾਰੀ ਦੇਖੀ ਹੈ ਅਤੇ ਵਿਸ਼ਵਾਸ ਨਾਲ ਕਹਿ ਸਕਦੀ ਹਾਂ ਕਿ ਇਹ ਸਭ ਤੋਂ ਵੱਧ ਮਨੋਰੰਜਕ ਹੈ । ਇਸ ਦੇ ਮੁੱਖ ਐਕਟਰ ਸ਼ਾਹਰੁਖ ਖਾਨ, ਮਾਧੁਰੀ ਦਿਕਸਿਤ ਅਤੇ ਐਸ਼ਵਰਿਆ ਰਾਏ ਤਿੰਨਾਂ ਦੀ ਐਕਟਿੰਗ ਪ੍ਰਸ਼ੰਸਾ ਯੋਗ ਹੈ। ਇਸ ਫਿਲਮ ਦੀ ਸੈਟਿੰਗ, ਗਾਣੇ, ਨਾਚ ਤੇ ਪੁਸ਼ਾਕਾਂ ਦੇਖ ਕੇ ਤਾਂ ਮੇਰੀਆਂ ਅੱਖਾਂ ਅੱਡੀਆਂ ਰਹਿ ਗਈਆਂ ।
>
> ਜਸਲੀਨ ਕੌਰ

> ਮੈਂ ਇਸ ਸਾਲ ਦੋ ਨਵੀਆਂ ਇੰਡੀਅਨ ਫਿਲਮਾਂ ਦੇਖੀਆਂ ਹਨ । ਇਹ ਹਨ, 'ਦੇਵ ਦਾਸ' ਤੇ 'ਜੀ ਆਇਆਂ ਨੂੰ' । ਮੇਰੇ ਖਿਆਲ ਵਿੱਚ ਦੋਵੇਂ ਫਿਲਮਾਂ ਆਪੋ ਆਪਣੀ ਜਗ੍ਹਾ ਤੇ ਬਹੁਤ ਵਧੀਆ ਸਨ । 'ਦੇਵ ਦਾਸ', 'ਜੀ ਆਇਆਂ ਨੂੰ' ਨਾਲੋਂ ਵੱਧ ਮਨਮੋਹਣੀ ਤੇ ਮਨੋਰੰਜਕ ਅਤੇ ਜਬਰਦਸਤ ਐਕਟਿੰਗ ਨਾਲ ਭਰਪੂਰ ਸੀ ਪਰ ਦੂਜੀਆਂ ਫਿਲਮਾਂ ਦੀ ਤਰ੍ਹਾਂ ਪਿਆਰ ਕਹਾਣੀ ਹੀ ਸੀ । 'ਜੀ ਆਇਆਂ ਨੂੰ' ਫਿਲਮ ਪੰਜਾਬੀ ਸਭਿਆਚਾਰ ਤੇ ਕਦਰਾਂ ਕੀਮਤਾਂ ਬਾਰੇ ਹੈ ਅਤੇ ਪੰਜਾਬੀ ਲੋਕਾਂ ਲਈ ਇੱਕ ਚੁਨੌਤੀ ਹੈ ਤਾਂ ਕਿ ਉਹ ਸੋਚ ਸਮਝ ਕੇ ਆਪਣੇ ਬੱਚਿਆਂ ਦੇ ਬਾਹਰਲੇ ਦੇਸ਼ਾਂ ਵਿੱਚ ਰਿਸ਼ਤੇ ਕਰਨ । ਪ੍ਰਦੇਸਾਂ ਵਿੱਚ ਰਹਿੰਦੇ ਪੰਜਾਬੀਆਂ ਲਈ ਇਸ ਫਿਲਮ ਵਿੱਚ ਇੱਕ ਗੰਭੀਰ ਸੁਨੇਹਾ ਹੈ ਕਿ ਛੋਟੀ ਉਮਰ ਤੋਂ ਹੀ ਬੱਚਿਆਂ ਨੂੰ ਪੰਜਾਬ ਲਿਜਾਣ ਤੇ ਪੰਜਾਬੀ ਸਭਿਆਚਾਰ ਨਾਲ ਜੋੜਨ ਦੀ ਜ਼ੁੰਮੇਵਾਰੀ ਨੂੰ ਸਮਝਣ ।
>
> ਅਮਰਜੀਤ ਸਿੰਘ

> ਮੈਂ ਵੀ ਇਹ ਦੋਵੇਂ ਫਿਲਮਾਂ ਦੇਖੀਆਂ ਹਨ । 'ਦੇਵ ਦਾਸ' ਇੱਕ ਬਹੁਤ ਹੀ ਵਧੀਆ ਢੰਗ ਨਾਲ ਬਣਾਈ ਗਈ ਫਿਲਮ ਹੈ ਪਰ 'ਜੀ ਆਇਆਂ ਨੂੰ' ਦੇ ਫਿਲਮ ਡਾਇਰੈਕਟਰ ਮਨਮੋਹਣ ਤੇ ਪ੍ਰੋਡਿਊਸਰ ਹਰਭਜਨ ਮਾਨ ਤੇ ਮੈਨੂੰ ਖਾਸ ਮਾਣ ਹੈ ਕਿਉਂਕਿ ਇਨ੍ਹਾਂ ਨੇ ਇਹ ਫਿਲਮ ਬਣਾ ਕੇ ਪੰਜਾਬੀ ਫਿਲਮ ਇੰਡਸਟਰੀ ਨੂੰ ਇੱਕ ਨਵੇਂ ਮੋੜ ਤੇ ਲਿਆ ਕੇ ਖੜ੍ਹਾ ਕਰ ਦਿੱਤਾ ਹੈ । ਇਸ ਦਾ ਸੰਗੀਤ ਚੰਗੀਆਂ ਹਿੰਦੀ ਫਿਲਮਾਂ ਦਾ ਮੁਕਾਬਲਾ ਕਰ ਰਿਹਾ ਹੈ । ਪੰਜਾਬ ਤੋਂ ਬਾਹਰ ਵੀ ਇਸ ਫਿਲਮ ਪ੍ਰਤੀ ਬਹੁਤ ਉਤਸ਼ਾਹ ਹੈ । ਕੈਨੇਡਾ ਵਿੱਚ ਇਹ 'ਦੇਵ ਦਾਸ' ਵਰਗੀ ਅਤਿ ਮਹਿੰਗੀ ਫਿਲਮ ਤੋਂ ਵੀ ਵੱਧ ਚੱਲ ਰਹੀ ਹੈ ।
>
> ਸਤਨਾਮ ਸਿੰਘ

LEAVE MARGIN BLANK

(ੳ) ਜਸਲੀਨ ਨੂੰ 'ਦੇਵ ਦਾਸ' ਫਿਲਮ ਇੰਨੀ ਪਸੰਦ ਕਿਉਂ ਆਈ ? ਦੋ ਗੱਲਾਂ ਲਿਖੋ ।

........................................................................................................................................

........................................................................................................................................

*(2 marks)*

(ਅ) ਅਮਰਜੀਤ ਨੂੰ ਦੋਨਾਂ ਫਿਲਮਾਂ ਵਿੱਚੋਂ ਕਿਹੜੀ ਜ਼ਿਆਦਾ ਪਸੰਦ ਆਈ ਅਤੇ ਕਿਉਂ ?

........................................................................................................................................

........................................................................................................................................

*(2 marks)*

(ੲ) ਇੰਡੀਆ ਵਿੱਚ ਰਹਿੰਦੇ ਲੋਕਾਂ ਨੂੰ 'ਜੀ ਆਇਆਂ ਨੂੰ' ਫਿਲਮ ਵਿੱਚ ਕਿਸ ਗੱਲ ਬਾਰੇ ਚੁਨੌਤੀ ਦਿੱਤੀ ਗਈ ਹੈ ?

........................................................................................................................................

........................................................................................................................................

*(1 mark)*

(ਸ) 'ਜੀ ਆਇਆਂ ਨੂੰ' ਫਿਲਮ ਵਿੱਚੋਂ ਪ੍ਰਦੇਸ ਵਿੱਚ ਰਹਿੰਦੇ ਪੰਜਾਬੀਆਂ ਨੂੰ ਕੀ ਸਿੱਖਣ ਨੂੰ ਮਿਲਦਾ ਹੈ ? ਦੋ ਗੱਲਾਂ ਲਿਖੋ ।

........................................................................................................................................

........................................................................................................................................

*(2 marks)*

(ਹ) ਸਤਨਾਮ ਦੇ ਲੇਖ ਤੋਂ ਕਿਵੇਂ ਪਤਾ ਲੱਗਦਾ ਹੈ ਕਿ 'ਜੀ ਆਇਆਂ ਨੂੰ' ਇੱਕ ਸਫਲ ਫਿਲਮ ਹੈ ? ਦੋ ਗੱਲਾਂ ਲਿਖੋ ।

........................................................................................................................................

........................................................................................................................................

*(2 marks)*

**TURN OVER FOR THE NEXT QUESTION**

9

**6** ਤੁਸੀਂ ਸਵੀਟੀ ਦੀ ਚਿੱਠੀ ਦਾ ਇੱਕ ਹਿੱਸਾ ਪੜ੍ਹਦੇ ਹੋ ।

ਜਨਵਰੀ 2003

ਮੈਂ ਠੀਕ ਠਾਕ ਪੰਜਾਬ ਪਹੁੰਚ ਗਈ ਸੀ । ਮੈਂ ਹੁਣ ਮਾਮਾ ਜੀ ਕੋਲ ਆਈ ਹੋਈ ਹਾਂ । ਇੱਥੇ ਮੌਸਮ ਕਾਫੀ ਖਰਾਬ ਹੈ । ਠੰਡ ਬਹੁਤ ਹੈ ਅਤੇ ਧੁੰਦ ਬਹੁਤ ਪੈਂਦੀ ਹੈ । ਰਜਾਈ ਵਿੱਚ ਬੈਠ ਕੇ ਹੀ ਨਿੱਘ ਆਉਂਦਾ ਹੈ ਕਿਉਂਕਿ ਹੀਟਿੰਗ ਦਾ ਕੋਈ ਪ੍ਰਬੰਧ ਨਹੀਂ ਹੈ । ਤਿੰਨ ਦਿਨਾਂ ਤੋਂ ਸੂਰਜ ਨਹੀਂ ਨਿਕਲਿਆ । ਧੁੰਦ ਵਿੱਚ ਕਿਧਰੇ ਬਾਹਰ ਵੀ ਨਹੀਂ ਜਾ ਸਕਦੇ । ਜੇ ਮੌਸਮ ਇਸ ਤਰ੍ਹਾਂ ਦਾ ਹੀ ਰਿਹਾ ਤਾਂ ਮੈਂ ਤੰਗ ਆ ਜਾਵਾਂਗੀ । ਇਹਦੇ ਨਾਲੋਂ ਤਾਂ ਗਰਮੀਆਂ ਵਿੱਚ ਆਉਣਾ ਚੰਗਾ ਹੈ । ਦਿਨ ਲੰਬੇ ਹੁੰਦੇ ਹਨ ਅਤੇ ਬਾਹਰ ਘੁੰਮਣ ਫਿਰਨ ਤਾਂ ਜਾ ਸਕਦੇ ਹਾਂ ।

ਸਵੀਟੀ

(ੳ) ਸਵੀਟੀ ਪੰਜਾਬ ਦੇ ਸਰਦੀ ਦੇ ਮੌਸਮ ਬਾਰੇ ਕੀ ਦੱਸਦੀ ਹੈ ? ਦੋ ਗੱਲਾਂ ਲਿਖੋ ।

.............................................................................................................................

.............................................................................................................................

*(2 marks)*

(ਅ) ਸਵੀਟੀ ਗਰਮੀਆਂ ਵਿੱਚ ਪੰਜਾਬ ਜਾਣਾ ਕਿਉਂ ਪਸੰਦ ਕਰੇਗੀ ? ਦੋ ਗੱਲਾਂ ਲਿਖੋ ।

.............................................................................................................................

.............................................................................................................................

*(2 marks)*

—
4

LEAVE
MARGIN
BLANK

**TURN OVER FOR SECTION B**

LEAVE
MARGIN
BLANK

## SECTION B

Questions and answers in **English.**

**7** You read this article in a newspaper.

An article on Ruben Singh meeting Tony and Cherie Blair, taken from the Panjabi Times, is not reproduced here due to third-party copyright constraints.

*LEAVE MARGIN BLANK*

(a) What is the age and occupation of Ruben Singh?

..............................................................................................................................

..............................................................................................................................

*(1 mark)*

(b) What evidence is there in the article that Ruben Singh has a very high standard of living? Give **two** details.

1 ..............................................................................................................................

2 ..............................................................................................................................

*(2 marks)*

(c) Why is Ruben Singh's name in the '*Guinness Book of Records*'? Give **two** details.

1 ..............................................................................................................................

2 ..............................................................................................................................

*(2 marks)*

(d) How often does Tony Blair see Ruben Singh?

..............................................................................................................................

*(1 mark)*

And why?

..............................................................................................................................

*(1 mark)*

(e) How does the *Financial Mail's* report about Ruben Singh compare with the reports from '*The Sunday Times*' and '*The Mail*'? Give **two** details.

1 ..............................................................................................................................

2 ..............................................................................................................................

*(2 marks)*

**END OF TEST**

*9*

LEAVE
MARGIN
BLANK

**THERE ARE NO QUESTIONS PRINTED ON THIS PAGE**

Copyright © 2004 AQA and its licensors. All rights reserved.